ਪੰਜਾਬ ਸਰਕਾਰ
ਸਹਾਇਤਾ ਅਤੇ ਮੁੜ ਸਥਾਪਨ ਵਿਭਾਗ
(ਆਰ.ਆਰ ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ,
ਸਮੂਹ ਡਵੀਜ਼ਨਲ ਕਮਿਸ਼ਨਰਜ਼ ਅਤੇ
ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ।

ਯਾਦ ਪੱਤਰ ਨੰ:5/119/2001.ਰਰ4/ 6852
ਮਿਤੀ, ਚੰਡੀਗੜ੍ਹ 7 ਮਈ, 2002

ਵਿਸ਼ਾ: ਅੱਤਵਾਦ ਤੋਂ ਪ੍ਰਭਾਵਿਤ /ਦੰਗਾ ਪੀੜਤ ਵਿਅਕਤੀਆਂ ਲਈ ਤਰਸ ਦੇ ਆਧਾਰ ਤੇ ਨਿਯੁਕਤੀਆਂ ਕਰਨ ਬਾਰੇ।

...

ਉਪਰੋਕਤ ਵਿਸ਼ੇ ਵੱਲ ਆਪ ਦਾ ਧਿਆਨ ਦੁਆਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਮਾਮਲਾ 2.5.2002 ਨੂੰ ਮਾਨਯੋਗ ਮੁੱਖ ਸਕੱਤਰ ਵਲੋਂ ਕੀਤੀ ਮੀਟਿੰਗ ਸਮੇਂ ਵਿਚਾਰਿਆ ਗਿਆ ਅਤੇ ਇਸ ਮੀਟਿੰਗ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਅੱਤਵਾਦ ਤੋਂ ਪ੍ਰਭਾਵਿਤ/ਦੰਗਾ ਪੀੜਤ ਵਿਅਕਤੀਆਂ ਨੂੰ ਤਰਸ ਦੇ ਆਧਾਰ ਤੇ ਨਿਯੁਕਤੀ ਕਰਨ ਲਈ ਵਿਭਾਗਾਂ ਨੂੰ ਖਾਲੀ ਆਸਾਮੀਆਂ ਦੀ ਨਿਰੰਤਰਤਾ ਅਤੇ ਉਸ ਲਈ ਲੋੜੀਂਦਾ ਬਜਟ ਉਪਬੰਧ ਵਿੱਤ ਵਿਭਾਗ ਵਲੋਂ ਬਾਅਦ ਵਿੱਚ ਦੇ ਦਿੱਤਾ ਜਾਵੇਗਾ। ਇਸ ਲਈ ਸਾਰੇ ਸਬੰਧਤ ਵਿਭਾਗਾਂ ਵਲੋਂ ਅਜਿਹੇ ਯੋਗ ਉਮੀਦਵਾਰਾਂ ਨੂੰ ਖਾਲੀ ਆਸਾਮੀਆਂ (ਜਿਨ੍ਹਾਂ ਦੀ ਭਾਵੇਂ ਅਜੇ ਨਿਰੰਤਰਤਾ ਨਾ ਦਿੱਤੀ ਗਈ ਹੋਵੇ) ਵਿਰੁੱਧ ਨਿਯੁਕਤੀ ਬਾਰੇ ਤੁਰੰਤ ਕਾਰਵਾਈ ਕੀਤੀ ਜਾਣੀ ਹੈ।।

ਉਕਤ ਸਥਿਤੀ ਵਿੱਚ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਅੱਤਵਾਦ ਤੋਂ ਪ੍ਰਭਾਵਿਤ/ਦੰਗਾ ਪੀੜਤ ਪਰਿਵਾਰਾਂ ਦੇ ਵਿਅਕਤੀਆਂ ਨੂੰ ਨੌਕਰੀਆਂ ਦੇਣ ਲਈ ਜੋ ਵੀ ਕੇਸ ਆਪ ਕੋਲ ਪੈਂਡਿੰਗ ਪਏ ਹਨ ਜਾਂ ਭੇਜੇ ਜਾਣਗੇ, ਉਨ੍ਹਾਂ ਦੀ ਆਪ ਦੇ ਵਿਭਾਗ ਵਿੱਚ ਦਰਜਾ 3/4(ਹੁਣ ਗਰੁੱਪ ਸੀ/ਡੀ) ਖਾਲੀ ਆਸਾਮੀਆਂ ਤੇ ਨਿਯੁਕਤੀਆਂ (ਭਾਵੇਂ ਉਨਾਂ ਆਸਾਮੀਆਂ ਦੀ ਨਿਰੰਤਰਤਾ ਲਈ ਵਿੱਤ ਵਿਭਾਗ ਵਲੋਂ ਅਜੇ ਮੰਨਜ਼ੂਰੀ ਲੈਣੀ ਹੋਵੇ) ਛੇਤੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਉਸ ਉਪਰੰਤ ਵਿੱਤ ਵਿਭਾਗ ਤੋਂ ਸਬੰਧਤ ਪੋਸਟਾਂ ਦੀ ਨਿਰੰਤਰਤਾ/ਬਜਟ ਲੈਣ ਲਈ ਤਜਵੀਜ਼ ਆਪਣੇ ਪ੍ਰਬੰਧਕੀ ਵਿਭਾਗ ਰਾਹੀਂ ਸਹਾਇਤਾ ਅਤੇ ਮੁੜ ਸਥਾਪਨ ਵਿਭਾਗ ਨੂੰ ਘੱਲੀ ਜਾਵੇ, ਜਿਸ ਵਿੱਚ ਸਪਸ਼ਟ ਤੌਰ ਤੇ ਲਿਖਿਆ ਜਾਵੇ ਕਿ ਸਬੰਧਤ ਆਸਾਮੀਆਂ ਵਿਰੁੱਧ ਕਿਹੜੇ ਉਮੀਦਵਾਰਾਂ ਨੂੰ ਨਿਯੁਕਤ ਕੀਤਾ ਗਿਆ ਹੈ (ਜੋ ਅੱਤਵਾਦ ਤੋਂ ਪ੍ਰਭਾਵਿਤ/ਦੰਗਾ ਪੀੜਤ ਪਰਿਵਾਰਾਂ ਨਾਲ ਸਬੰਧਤ ਸੀ) ਤਾਂ ਜੋ ਵਿੱਤ ਵਿਭਾਗ ਤੋਂ ਲੋੜੀਂਦਾ ਬਜਟ ਉਪਬੰਧ ਆਦਿ ਲੈਣ ਵਿੱਚ ਸਹਾਇਤਾ ਕੀਤੀ ਜਾ ਸਕੇ।

(ਬੀ.ਕੇ.ਸ਼੍ਰੀਵਾਸਤਵਾ)
ਸਕੱਤਰ, ਪੰਜਾਬ ਸਰਕਾਰ
ਸਹਾਇਤਾ ਅਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ:5/119/2001 ਰਰ4/ 6853 ਮਿਤੀ, ਚੰਡੀਗੜ੍ਹ 7 ਮਈ, 2002

ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਅਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ:5/119/2001 - ਰਰ4/ 6854 ਮਿਤੀ, ਚੰਡੀਗੜ੍ਹ 7 ਮਈ, 2002

ਉਤਾਰਾ ਵਿੱਤ ਵਿਭਾਗ(ਵਿੱਤ ਖਰਚਾ 6 ਸ਼ਾਖਾ) ਨੂੰ ਅ.ਵਿ.ਪ.ਨੰ:16/96/2001-2ਵਿਖ6/152, ਮਿਤੀ 8.1.2002 ਦੇ ਹਵਾਲੇ ਵਿੱਚ ਸੂਚਨਾ ਅਤੇ ਯੋਗ ਕਾਰਵਾਈ ਲਈ ਘੱਲਿਆ ਜਾਂਦਾ ਹੈ,

ਵਧੀਕ ਸਕੱਤਰ, ਪੰਜਾਬ ਸਰਕਾਰ